# ਦਫ਼ਤਰ ਜਿਲ੍ਹਾ ਮੈਜਿਸਟਰੇਟ ਬਰਨਾਲਾ

COVID-19

(ਐਮ.ਏ ਸ਼ਾਖਾ)

ਹੁਕਮ ਨੰ.ਐਮ.ਏ./119954/205

ਮਿਤੀ: 4/4/2020

## ਦਫ਼ਤਰੀ ਹੁਕਮ

ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਅਤੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਬਰਨਾਲਾ ਅੰਦਰ ਕਰਫਿਊ ਹੁਕਮ ਨੰਬਰ: ਐਮ.ਏ/119954/168 ਮਿਤੀ: 23-03-2020 ਲਾਗੂ ਕੀਤਾ ਗਿਆ ਹੈ, ਜਿਸ ਵਿੱਚ ਕਿਸੇ ਵੀ ਵਿਅਕਤੀ ਦੇ ਸੜਕਾਂ, ਗਲੀਆਂ ਜਾਂ ਜਨਤਕ ਥਾਵਾਂ ਤੇ ਘੁੰਮਣ ਫਿਰਨ ਤੋਂ ਮਨਾਹੀ ਕੀਤੀ ਗਈ ਹੈ। ਇਸ ਕਰਫਿਊ ਹੁਕਮ ਦੀ ਮੱਦੇ-ਨਜਰ ਕੱਣਕ ਦੇ ਸੀਜਨ ਦੌਰਾਨ ਖੇਤੀਬਾੜੀ ਦੇ ਕੰਮਾਂ ਲਈ ਹੇਠ ਲਿਖੇ ਅਨੁਸਾਰ ਛੋਟ ਦਿੱਤੀ ਜਾਂਦੀ ਹੈ:-

| ਲੜੀ ਨੰ | ਖੇਤੀਬਾੜੀ ਕੰਮਾਂ ਦੇ ਵੇਰਵੇ | ਛੋਟ ਦੇ ਵੇਰਵੇ | ਜਰੂਰੀ ਹਦਾਇਤਾਂ |
|---|---|---|---|
| 1 | ਕਿਸਾਨਾਂ ਵੱਲੋਂ ਕਣਕ ਦੀ ਫਸਲ ਦੀ ਕਟਾਈ ਅਤੇ ਵੱਖ-ਵੱਖ ਖੇਤੀ ਕਾਰਜਾਂ ਲਈ ਖੇਤ ਮਜਦੂਰਾਂ ਸਮੇਤ **ਖੇਤਾਂ ਵਿੱਚ ਆਉਣ-ਜਾਣ ਲਈ** | **ਖੇਤ ਵਿੱਚ ਜਾਣ** ਦਾ ਸਮਾਂ: ਸਵੇਰੇ 06:00 ਵਜੇ ਤੋਂ ਸਵੇਰੇ 09:00 ਵਜੇ ਤੱਕ (3 ਘੰਟੇ)<br>**ਖੇਤ ਤੋਂ ਵਾਪਿਸ ਆਉਣ** ਦਾ ਸਮਾਂ: ਸ਼ਾਮ 07:00 ਵਜੇ ਤੋਂ ਰਾਤ 09:00 ਵਜੇ ਤੱਕ (2 ਘੰਟੇ) | ਕਿਸਾਨ **ਸਵੇਰੇ 09:00 ਵਜੇ ਤੋਂ ਸ਼ਾਮ 07:00 ਵਜੇ ਤੱਕ** ਆਪਣੇ ਖੇਤਾਂ ਵਿੱਚ ਹੀ ਰਹਿਣਗੇ ਅਤੇ ਆਪਣੀ ਖੇਤੀ ਨਾਲ ਸਬੰਧਤ ਕਾਰਜ ਕਰਨਗੇ। ਉਹਨਾਂ ਨੂੰ ਕਿਸੇ ਹੋਰ ਗਤੀਵਿਧੀ ਜਾਂ ਆਵਾਜ਼ਾਈ ਦੀ ਆਗਿਆ ਨਹੀਂ ਹੋਵੇਗੀ। |
| 2 | ਕਿਸਾਨਾਂ ਵੱਲੋਂ ਫਸਲ ਦੀ ਕਟਾਈ, ਬਿਜਾਈ ਅਤੇ ਢੋਆ-ਢੋਆਈ ਲਈ **ਵਰਤੀ ਜਾਣ ਵਾਲੀ ਮਸ਼ੀਨਰੀ** (ਜਿਵੇਂ ਕਿ ਟਰੈਕਟਰ, ਟਰਾਲੀ, ਕੰਬਾਇਨ ਆਦਿ) ਦੀ ਆਵਾਜ਼ਾਈ | ਮੁਕੰਮਲ ਤੌਰ ਤੇ ਛੋਟ ਹੋਵੇਗੀ ਪ੍ਰੰਤੂ **ਕੰਬਾਇਨ** ਦੇ ਖੇਤਾਂ ਵਿੱਚ ਚੱਲਣ ਦਾ ਟਾਇਮ **ਸਵੇਰੇ 08:00 ਵਜੇ ਤੋਂ ਸ਼ਾਮ 07:00 ਤੱਕ** ਦੀ ਹੀ ਹੋਵੇਗਾ। | ਸਬੰਧਤ ਮਸ਼ੀਨਰੀ ਤੇ **4 ਤੋਂ ਵੱਧ ਵਿਅੱਕਤੀ ਮੌਜੂਦ ਨਹੀਂ** ਹੋਣੇ ਚਾਹੀਦੇ ਅਤੇ ਆਪਸੀ **ਦੂਰੀ 2 ਮੀਟਰ** ਦੀ ਬਣਾ ਕੇ ਰੱਖਣਗੇ। |
| 3 | ਖੇਤੀਬਾੜੀ **ਮਸ਼ੀਨਰੀ ਦੀ ਰਿਪੇਅਰ** ਅਤੇ **ਸਪੇਅਰ ਪਾਰਟਸ** ਆਦਿ ਨਾਲ ਸਬੰਧਤ ਦੁਕਾਨਾਂ | **ਸਵੇਰੇ 06:00 ਵਜੇ ਤੋਂ ਸਵੇਰੇ 09:00 ਵਜੇ** ਤੱਕ (3 ਘੰਟੇ) | ਦੁਕਾਨਦਾਰਾਂ ਨੂੰ ਸਪੇਅਰ ਪਾਰਟਸ ਦੀ **Home Delivery** ਹੀ ਕੀਤੀ ਜਾਵੇਗੀ। |
| 4 | ਬੀਜ਼, ਖਾਦ ਅਤੇ ਕੀਟਨਾਸ਼ਕ **ਦਵਾਈਆਂ ਵਾਲੀਆਂ ਦੁਕਾਨਾਂ** | **ਸਵੇਰੇ 08:00 ਵਜੇ ਤੋਂ ਦੁਪਹਿਰ 12:00 ਵਜੇ ਤੱਕ** (04 ਘੰਟੇ) | **ਮੁੱਖ ਖੇਤੀਬਾੜੀ ਅਫ਼ਸਰ** ਵੱਲੋਂ ਹੋਏ ਨਿਰਦੇਸ਼ਾਂ ਅਨੁਸਾਰ ਦੁਕਾਨਾਂ ਖੋਲਣਗੇ ਅਤੇ ਗ੍ਰਾਹਕਾਂ ਨੂੰ ਸਪਲਾਈ ਲਈ ਹਰੇਕ ਦੁਕਾਨਦਾਰ ਵੱਲੋਂ **Home Delivery** ਹੀ ਕੀਤੀ ਜਾਵੇਗੀ। |
| 5 | ਤੂੜੀ ਵਾਲੀ ਮਸ਼ੀਨ (ਸਟਰਾ ਰੀਪਰ) ਚਲਾਉਣ ਸਬੰਧੀ | **ਤੂੜੀ ਬਨਾਉਣ ਲਈ ਰੀਪਰ 1 ਮਈ ਤੋਂ ਚਲਾਏ ਜਾਣ** ਤਾਂ ਜੋ ਕੱਣਕ ਦੀ ਫ਼ਸਲ ਤੇ ਨਾੜ ਨੂੰ ਅੱਗ ਤੋਂ ਬਚਾਅ ਰਹੇ। | ਇਸ ਕੰਮ ਸਮੇਂ ਮੌਜੂਦ **ਵਿਅੱਕਤੀ** ਆਪਸੀ **ਦੂਰੀ 2 ਮੀਟਰ** ਦੀ ਬਣਾ ਕੇ ਰੱਖਣਗੇ। |

ਸਮੂਹ ਕਿਸਾਨਾਂ/ਖੇਤ ਮਜਦੂਰਾਂ ਵੱਲੋਂ ਜੇਕਰ ਖੇਤਾਂ ਵਿੱਚ ਹੱਥੀ ਕਟਾਈ/ਬਿਜਾਈ ਆਦਿ ਦਾ ਕੋਈ ਕੰਮ ਕੀਤਾ ਜਾਵੇਗਾ ਤਾਂ ਉਸ ਸਮੇਂ 10 ਤੋਂ ਵੱਧ ਵਿਅੱਕਤੀ ਮੌਜੂਦ ਨਹੀਂ ਹੋਣਗੇ, ਆਪਸੀ ਦੂਰੀ 2 ਮਟੀਰ ਦੀ ਬਣਾਕੇ ਰੱਖਣਗੇ, ਫੇਸ ਮਾਸਕ ਪਾਉਣਗੇ, ਹੱਥਾਂ ਦੀ ਸਾਫ-ਸਫਾਈ ਰੱਖਣਗੇ, ਸੈਨੇਟਾਈਜਰ ਦੀ ਵਰਤੋਂ ਕਰਨਗੇ। ਇਸ ਤੋਂ ਇਲਾਵਾ ਕੋਰੋਨਾਵਾਇਰਸ(ਕੋਵਿਡ-19) ਸਬੰਧੀ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਵੀ ਬਣਾਉਣਗੇ।

ਉਪਰੋਕਤ ਦਰਸਾਏ ਖੇਤੀਬਾੜੀ ਦੇ ਕੰਮਾਂ ਲਈ ਸਬੰਧਤਾਂ ਨੂੰ ਕਰਫਿਊ/Lockdown ਦੌਰਾਨ ਲੋੜ ਅਨੁਸਾਰ ਪਾਸ ਜਾਰੀ ਕਰਨ ਦੇ ਅਧਿਕਾਰ ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਨੂੰ ਦਿੱਤੇ ਜਾਂਦੇ ਹਨ।

ਸੀਨੀਅਰ ਕਪਤਾਨ ਪੁਲਿਸ ਬਰਨਾਲਾ,ਉਪ ਮੰਡਲ ਮੈਜਿਸਟਰੇਟ ਬਰਨਾਲਾ/ਤਪਾ,ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਅਤੇ ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਬਰਨਾਲਾ ਉਕਤ ਹੁਕਮਾ ਨੂੰ ਸਖਤੀ ਨਾਲ ਲਾਗੂ ਕਰਵਾਉਣਾ ਯਕੀਨੀ ਬਣਾਉਣਗੇ।

ਇਹ ਹੁਕਮ ਅੱਜ ਮਿਤੀ:04-04-2020 ਨੂੰ ਸਵੇਰੇ ਹਸਤਾਖਰਾਂ ਅਤੇ ਦਫ਼ਤਰੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

**ਤੇਜ ਪ੍ਰਤਾਪ ਸਿੰਘ ਫੂਲਕਾ,ਆਈ.ਏ.ਐਸ**
**ਜਿਲ੍ਹਾ ਮੈਜਿਸਟਰੇਟ,ਬਰਨਾਲਾ**

ਪਿੱਠ ਅੰਕਣ ਨੰ.ਐਮ.ਏ/119954/6776-92 ਮਿਤੀ:4/4/2020

ਉਪਰੋਕਤ ਦਾ ਇਕ ਉਤਾਰਾ:-

1. ਕਮਿਸ਼ਨਰ,ਪਟਿਆਲਾ ਮੰਡਲ,ਪਟਿਆਲਾ।
2. ਜਿਲ੍ਹਾ ਅਤੇ ਸ਼ੈਸ਼ਨ ਜੱਜ, ਬਰਨਾਲਾ।
3. ਸੀਨੀਅਰ ਕਪਤਾਨ ਪੁਲਿਸ,ਬਰਨਾਲਾ।
4. ਵਧੀਕ ਡਿਪਟੀ ਕਮਿਸ਼ਨਰ(ਵਿਕਾਸ),ਬਰਨਾਲਾ।
5. ਸਿਵਲ ਸਰਜਨ,ਬਰਨਾਲਾ।
6. ਉਪ ਮੰਡਲ ਮੈਜਿਸਟਰੇਟ,ਬਰਨਾਲਾ/ਤਪਾ।
7. ਸਮੂਹ ਕਾਰਜਕਾਰੀ ਮੈਜਿਸਟਰੇਟ, ਜਿਲ੍ਹਾ ਬਰਨਾਲਾ।
8. ਮੁੱਖ ਖੇਤੀਬਾੜੀ ਅਫ਼ਸਰ, ਬਰਨਾਲਾ।
9. ਵਾਤਾਵਰਣ ਇੰਜੀਨੀਅਰ, ਪ੍ਰਦੂਸ਼ਣ ਰੋਕਥਾਮ ਬੋਰਡ, ਬਰਨਾਲਾ ਐਟ ਸੰਗਰੂਰ।
10. ਜਿਲ੍ਹਾ ਮੰਡੀ ਅਫ਼ਸਰ, ਬਰਨਾਲਾ।
11. ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਰਨਾਲਾ।
12. ਸਮੂਹ ਕਾਰਜ ਸਾਧਕ ਅਫ਼ਸਰ (ਨਗਰ ਕੌਂਸਲ/ਨਗਰ ਪੰਚਾਇਤ),ਜਿਲ੍ਹਾ ਬਰਨਾਲਾ।
13. ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ,ਬਰਨਾਲਾ ਸਮੇਤ ਸਮੂਹ ਬੀ.ਡੀ.ਪੀ.ਓਜ,ਜਿਲ੍ਹਾ ਬਰਨਾਲਾ।
14. ਜਿਲ੍ਹਾ ਲੋਕ ਸੰਪਰਕ ਅਫ਼ਸਰ,ਬਰਨਾਲਾ।
15. ਪੀ.ਏ ਟੂ ਡੀ.ਐਮ./ਸਟੈਨੋਗ੍ਰਾਫਰ ਟੂ ਏ.ਡੀ.ਐਮ(ਜ)./ਸਟੈਨੋ ਟੂ ਏ.ਸੀ.(ਜ/ਸ਼ਿਕ) ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ।

District Magistrate Barnala

**ਜਿਲ੍ਹਾ ਮੈਜਿਸਟਰੇਟ,**
**ਬਰਨਾਲਾ**

Scanned with CamScanner